# NEWS RELEASE

ਤੁਰੰਤ ਜਾਰੀ ਕਰਨ ਲਈ
3 ਸਤੰਬਰ, 2020

ਸੈਰ-ਸਪਾਟਾ, ਕਲਾ ਅਤੇ ਸਭਿਆਚਾਰ ਮੰਤਰਾਲਾ

## ਬੀ.ਸੀ. ਵਿੱਚ ਪੰਜਾਬੀ ਕੈਨੇਡੀਅਨ ਇਤਿਹਾਸ ਦਰਸਾਉਣ ਲਈ ਨਵਾਂ ਪ੍ਰਾਜੈਕਟ

ਵੈਨਕੂਵਰ- ਬ੍ਰਿਟਿਸ਼ ਕੋਲੰਬੀਆ ਨਵੇਂ ਸਿੱਖਿਅਕ ਸਮਰਥਨ, ਪ੍ਰਦਰਸ਼ਨੀ ਅਤੇ ਆਨਲਾਈਨ ਸਰੋਤਾਂ ਦੇ ਵਿਕਾਸ ਦੁਆਰਾ ਆਪਣੀ ਆਰਥਿਕਤਾ, ਇਤਿਹਾਸ ਅਤੇ ਸਭਿਆਚਾਰ ਵਿੱਚ ਪੰਜਾਬੀ ਕੈਨੇਡੀਅਨ ਭਾਈਚਾਰੇ ਦੇ ਯੋਗਦਾਨ ਦਾ ਜਸ਼ਨ ਮਨਾ ਰਿਹਾ ਹੈ।

ਪ੍ਰਾਜੈਕਟ ਇੱਕ ਸਵਾਗਤਸ਼ੀਲ ਅਤੇ ਸੰਮਿਲਤ ਸਮਾਜ ਦੀ ਸਿਰਜਣਾ ਲਈ ਸੂਬੇ ਦੀ ਵਚਨਬੱਧਤਾ ਦਾ ਹਿੱਸਾ ਹੈ।

"ਪੰਜਾਬੀ ਭਾਈਚਾਰੇ ਦਾ ਇੱਕ ਲੰਮਾ ਅਤੇ ਵਿਲੱਖਣ ਇਤਿਹਾਸ ਹੈ ਜਿਸ ਨੇ ਸਾਡੇ ਸੂਬੇ ਦੀ ਤਾਕਤ ਅਤੇ ਸਫਲਤਾ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ", ਪ੍ਰੀਮੀਅਰ ਜੌਨ ਹੌਰਗਨ ਨੇ ਕਿਹਾ। "ਸਾਡੇ ਬਹੁਸਭਿਆਚਾਰਕ ਭਾਈਚਾਰਿਆਂ ਦੀ ਲਚਕਤਾ ਅਤੇ ਵਿਭਿੰਨਤਾ ਦਾ ਸਨਮਾਨ ਕਰਦੇ ਹੋਏ ਪੰਜਾਬੀ ਕੈਨੇਡੀਅਨ ਲੈਗੇਸੀ (ਵਿਰਾਸਤ) ਪ੍ਰਾਜੈਕਟ ਇਹ ਕਹਾਣੀਆਂ ਆਉਣ ਵਾਲੀਆਂ ਪੀੜ੍ਹੀਆਂ ਨਾਲ ਸਾਂਝਾ ਕਰੇਗਾ"।

ਫਰੇਜ਼ਰ ਵੈਲੀ ਯੂਨੀਵਰਸਿਟੀ ਦੇ ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ ਅਤੇ ਹੋਰ ਭਾਈਚਾਰਕ ਭਾਈਵਾਲਾਂ ਦੇ ਸਹਿਯੋਗ ਨਾਲ ਹੱਕ ਐਂਡ ਹਿਸਟਰੀ: ਪੰਜਾਬੀ ਕੈਨੇਡੀਅਨ ਲੈਗੇਸੀ ਪ੍ਰਾਜੈਕਟ ਦੇ ਨਿਰਮਾਣ ਲਈ ਸੂਬਾ ਐਬਟਸਫੋਰਡ ਕਮਿਊਨਟੀ ਫਾਊਂਡੇਸ਼ਨ ਨੂੰ $1.14 ਮਿਲੀਅਨ ਪ੍ਰਦਾਨ ਕਰ ਰਿਹਾ ਹੈ।

ਹੱਕ ਐਂਡ ਹਿਸਟਰੀ ਬ੍ਰਿਟਿਸ਼ ਕੋਲੰਬੀਆ ਵਿੱਚ ਪੰਜਾਬੀ ਕੈਨੇਡੀਅਨਾਂ ਦੇ ਆਪਣੇ ਵਿਸ਼ਾਲ ਅਤੇ ਮਹੱਤਵਪੂਰਣ ਇਤਿਹਾਸ ਨੂੰ ਰਿਕਾਰਡ ਕਰਨ, ਜਨਤਕ ਵਿਦਿਅਕ ਅਤੇ ਇਤਿਹਾਸਕ ਰਿਕਾਰਡਾਂ ਨੂੰ ਦਰੁਸਤ ਕਰਨ ਅਤੇ ਵਧਾਉਣ ਲਈ ਅਤੇ ਭਵਿੱਖ ਦੀਆਂ ਪੀੜ੍ਹੀਆਂ ਲਈ ਮੌਜੂਦਾ ਸਮੇਂ ਤੋਂ ਅੱਗੇ ਵਧਣ ਵਾਲੀ ਭਾਈਚਾਰਕ ਵਿਰਾਸਤ ਬਣਾਉਣ ਲਈ ਪ੍ਰਤੀਬਿੰਬਤ ਕਰਦਾ ਹੈ। ਇਹ ਪ੍ਰਾਜੈਕਟ ਬੀ.ਸੀ. ਵਿਚ ਪੰਜਾਬੀ ਭਾਈਚਾਰੇ ਦੇ ਵਡਮੁੱਲੇ ਯੋਗਦਾਨ ਨੂੰ ਉਸਦੀ ਆਰਥਿਕਤਾ, ਇਤਿਹਾਸ ਅਤੇ ਸੰਸਕ੍ਰਿਤੀ ਅਤੇ ਅਨਿਆਂ ਅਤੇ ਵਿਤਕਰੇ ਦੇ ਬਾਵਜੂਦ ਭਾਈਚਾਰੇ ਦੀ ਲਚਕਤਾ ਨੂੰ ਪ੍ਰਦਰਸ਼ਿਤ ਕਰੇਗਾ।

"ਬ੍ਰਿਟਿਸ਼ ਕੋਲੰਬੀਆ ਵਾਸੀਆਂ ਨੂੰ ਉਹਨਾਂ ਲੋਕਾਂ ਬਾਰੇ ਵਧੇਰੇ ਜਾਣਨ ਲਈ ਮੌਕਿਆਂ ਦੀ ਜ਼ਰੂਰਤ ਹੈ ਜੋ ਸਾਡੀ ਵੰਨ-ਸੁਵੰਨਤਾ ਅਤੇ ਬਹੁਸਭਿਆਚਾਰਕ ਸਮਾਜ ਵਿੱਚ ਸ਼ਾਮਲ ਹਨ," ਵੈਨਕੂਵਰ-ਫਰੇਜ਼ਰ ਵਿਊ ਦੇ ਐੱਮ ਐੱਲ ਏ ਜੋਰਜ ਚਾਓ ਨੇ ਕਿਹਾ। "ਪੰਜਾਬੀ ਕੈਨੇਡੀਅਨ ਲੈਗੇਸੀ ਪ੍ਰਾਜੈਕਟ ਸਾਡੇ ਸੂਬੇ ਦੇ ਇਤਿਹਾਸ ਦੇ ਵਿਲੱਖਣ ਹਿੱਸੇ ਦੀ ਗਹਿਰੀ ਸਮਝ ਪ੍ਰਦਾਨ ਕਰੇਗਾ, ਜੋ ਅੰਤਰ ਸਭਿਆਚਾਰਕ ਸੰਪਰਕ ਬਣਾਉਣ ਅਤੇ ਸਾਰੇ ਪਿਛੋਕੜ ਦੇ ਲੋਕਾਂ ਵਿੱਚ ਸਤਿਕਾਰ ਅਤੇ ਸਨਮਾਨ ਵਧਾਉਣ ਵਿੱਚ ਸਹਾਇਤਾ ਕਰੇਗਾ"।

ਇਸ ਪ੍ਰਾਜੈਕਟ ਨੂੰ ਸ਼ਾਮਲ ਕਰਨ ਲਈ ਅਗਲੇ ਕੁਝ ਸਾਲਾਂ ਵਿੱਚ ਵਿਕਸਤ ਕੀਤਾ ਜਾਣਾ ਜਾਰੀ ਰਹੇਗਾ:

- ਸਾਊਥ ਏਸ਼ੀਅਨ ਕੈਨੇਡੀਅਨ ਸੰਗ੍ਰਹਿ ਦਾ ਸੂਬਾ ਪੱਧਰੀ ਡਿਜੀਟਾਈਜ਼ੇਸ਼ਨ, ਜਿਸ ਵਿਚ ਸਾਊਥ ਏਸ਼ੀਅਨ ਕੈਨੇਡੀਅਨ ਡਿਜੀਟਲ ਆਰਕਾਈਵ ਲਈ ਕਲਾਕਾਰੀ, ਫੋਟੋਆਂ, ਟੈਕਸਟ, ਸਮੱਗਰੀ, ਜ਼ੁਬਾਨੀ ਇਤਿਹਾਸ ਅਤੇ ਹੋਰ ਸਰੋਤ ਸ਼ਾਮਲ ਹਨ;

- ਸਾਊਥ ਏਸ਼ੀਅਨ ਕੈਨੇਡੀਅਨ ਇਤਿਹਾਸ 'ਤੇ ਯਾਤਰਾ ਪ੍ਰਦਰਸ਼ਨੀ ਦੀ ਸਿਰਜਣਾ;

- ਦਸਤਾਵੇਜ਼ ਅਤੇ ਸਾਈਟਾਂ ਦੀ ਨਿਸ਼ਾਨਦੇਹੀ ਜੋ ਸਾਊਥ ਏਸ਼ੀਆਈ ਕੈਨੇਡੀਅਨਾਂ ਅਤੇ ਬੀ.ਸੀ. ਭਾਈਚਾਰੇ ਲਈ ਇਤਿਹਾਸਕ ਮਹੱਤਵ ਰੱਖਦੀ ਹੈ;

- ਬੀ.ਸੀ. ਦੇ ਸਕੂਲਾਂ ਵਿੱਚ ਸਮਾਜਿਕ ਅਧਿਐਨ ਪਾਠਕ੍ਰਮ ਲਈ ਪੰਜਾਬੀ ਕੈਨੇਡੀਅਨ ਸਿਖਲਾਈ ਸਰੋਤਾਂ ਦਾ ਵਿਕਾਸ;

- ਇੱਕ ਆਨਲਾਈਨ ਵਿਆਪਕ ਬੀ.ਸੀ. ਲੇਬਰ ਮੂਵਮੈਂਟਸ ਸੋਸ਼ਲ ਹਿਸਟਰੀ ਰਿਸਰਚ ਪ੍ਰਾਜੈਕਟ ਲਈ ਖੋਜ ਅਤੇ ਵਿਕਾਸ; ਅਤੇ

- ਜਨਤਕ ਇਤਿਹਾਸ ਦੀ ਕਿਤਾਬ ਦੀ ਰਚਨਾ - ਸਾਊਥ ਏਸ਼ੀਅਨ ਕੈਨੇਡੀਅਨ ਸੋਸ਼ਲ ਹਿਸਟਰੀ ਪ੍ਰਾਜੈਕਟ ।

"ਸਾਡੇ ਬਹੁਸਭਿਆਚਾਰਕ ਸਮਾਜ ਵਿੱਚ ਸਿੱਖਿਆ ਇੱਕ ਦੂਜੇ ਲਈ ਵਧੇਰੇ ਸਤਿਕਾਰ ਅਤੇ ਸਨਮਾਨ ਵਧਾਉਣ ਦੀ ਕੁੰਜੀ ਹੈ," ਫਰੇਜ਼ਰ ਵੈਲੀ ਯੂਨੀਵਰਸਿਟੀ ਦੇ ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ ਦੀ ਡਾਇਰੈਕਟਰ ਸਤਵਿੰਦਰ ਕੌਰ ਬੈਂਸ ਨੇ ਕਿਹਾ। "ਪ੍ਰਾਜੈਕਟ ਦਾ ਮੁੱਖ ਟੀਚਾ ਬੀ.ਸੀ. ਦੇ ਵਿਭਿੰਨ ਸਮਾਜ ਦੇ ਮੁੱਲ ਨੂੰ ਦਰਸਾਉਂਦੇ ਹੋਏ ਨਸਲਵਾਦ ਨੂੰ ਘਟਾਉਣ ਦੇ ਟੀਚੇ ਨਾਲ ਪੰਜਾਬੀ ਕੈਨੇਡੀਅਨਾਂ ਦੇ ਮਹੱਤਵਪੂਰਣ ਯੋਗਦਾਨ ਦੇ ਇਤਿਹਾਸਕ ਰਿਕਾਰਡ ਨੂੰ ਬਿਹਤਰ ਬਣਾਉਣਾ ਹੈ"।

ਹੱਕ ਐਂਡ ਹਿਸਟਰੀ ਦਾ ਵਿਕਾਸ: ਪੰਜਾਬੀ ਕੈਨੇਡੀਅਨ ਲੈਗੇਸੀ ਪ੍ਰਾਜੈਕਟ ਦੀ ਅਗਵਾਈ ਪੰਜਾਬੀ ਲੈਗੇਸੀ ਐਡਵਾਈਜ਼ਰੀ ਕਮੇਟੀ ਵੱਲੋਂ ਗੋਲਡਨ, ਪ੍ਰਿੰਸ ਜਾਰਜ, ਵੈਨਕੂਵਰ ਆਈਲੈਂਡ, ਕਲੋਨਾ, ਵੈਨਕੂਵਰ, ਸਰ੍ਹੀ ਅਤੇ ਐਬਟਸਫੋਰਡ ਦੇ ਸਾਊਥ ਏਸ਼ੀਅਨ ਕੈਨੇਡੀਅਨ ਕਮਿਊਨਟੀ ਭਾਈਵਾਲਾਂ ਨਾਲ ਰਲ ਕੇ ਕੀਤੀ ਗਈ ਹੈ। ਇਹ ਪ੍ਰਾਜੈਕਟ ਬੀ ਸੀ ਵਿੱਚ ਰੰਗਦਾਰ ਅਤੇ ਮੂਲਵਾਸੀ ਭਾਈਚਾਰਿਆਂ ਦੇ ਇਤਿਹਾਸ ਅਤੇ ਯੋਗਦਾਨ 'ਤੇ ਬਣਨ ਵਾਲੇ ਵਿਦਿਅਕ ਸਰੋਤਾਂ ਦੇ ਅਨੁਕੂਲ ਹੈ, ਜਿਸ ਬਾਰੇ 2019 ਦੀਆਂ ਗਰਮੀਆਂ ਵਿੱਚ ਨਸਲਵਾਦ ਅਤੇ ਨਫਰਤ 'ਤੇ ਕੀਤੇ ਗਏ ਸਰਕਾਰੀ ਭਾਈਚਾਰਕ ਸਲਾਹ-ਮਸ਼ਵਰੇ ਦੌਰਾਨ ਸੁਣਿਆ ਗਿਆ ਸੀ।

**ਫੌਰੀ ਤੱਥ:**

- 2015 ਵਿੱਚ ਸਥਾਪਿਤ ਕੀਤੀ ਗਈ ਕੈਨੇਡੀਅਨ ਲੈਗੇਸੀ ਐਡਵਾਈਜ਼ਰੀ ਕਮੇਟੀ ਦਾ ਮੁੱਖ ਉਦੇਸ਼ ਸਾਊਥ ਏਸ਼ੀਆਈ ਕੈਨੇਡੀਅਨਾਂ ਦੇ ਯੋਗਦਾਨਾਂ ਨੂੰ ਸੰਭਾਲਣ, ਪੜਚੋਲ ਕਰਨ ਅਤੇ ਸਾਂਝੇ ਕਰਨ ਦੇ ਤਰੀਕਿਆਂ ਦਾ ਸਮਰਥਨ ਅਤੇ ਵਿਕਸਤ ਕਰਨਾ ਹੈ।

- ਅੱਜ ਦੀ ਤਾਰੀਖ ਤੱਕ ਕਮੇਟੀ ਦੇ ਅਧੀਨ ਪੂਰੇ ਕੀਤੇ ਪ੍ਰਾਜੈਕਟਾਂ ਵਿੱਚ ਸ਼ਾਮਲ ਹਨ: ਰਾਇਲ ਬੀ.ਸੀ. ਮਿਊਜ਼ੀਅਮ ਦੇ ਪੰਜਾਬੀ ਪਾਇਨੀਅਰ ਫੂਡ ਹਿਸਟਰੀ ਪ੍ਰਾਜੈਕਟ ਲਈ ਨਵੀਂ ਵਿਦਿਅਕ ਸਮੱਗਰੀ ਦਾ ਵਿਕਾਸ, ਸਾਊਥ ਏਸ਼ੀਆਈ ਕੈਨੇਡੀਅਨ ਪਰਿਵਾਰਾਂ ਨਾਲ ਸੂਬੇ ਭਰ ਵਿੱਚ ਸਲਾਹ ਮਸ਼ਵਰੇ ਅਤੇ ਸਾਊਥ ਏਸ਼ੀਅਨ ਹਿਸਟੋਰਿਕ ਪਲੇਸਿਸ ਪ੍ਰਾਜੈਕਟ ਦੀ ਸਿਰਜਣਾ, ਹੈਰੀਟੇਜ ਬੀ.ਸੀ. ਦੇ ਨਾਲ ਸਾਊਥ ਏਸ਼ੀਅਨ ਵਿਰਾਸਤੀ ਥਾਵਾਂ ਦੀ ਸੂਚੀ।

- ਸਟੈਟਿਸਟਿਕਸ ਕੈਨੇਡਾ ਦੀ ਤਾਜ਼ਾ ਮਰਦਮਸ਼ੁਮਾਰੀ ਦੇ ਅਨੁਸਾਰ ਬ੍ਰਿਟਿਸ਼ ਕੋਲੰਬੀਆ ਦੇ 363,885 (8%) ਨੇ ਆਪਣੀ ਨਸਲੀ ਮੂਲ ਦੀ ਪਛਾਣ ਸਾਊਥ ਏਸ਼ੀਅਨਜ਼ ਵਜੋਂ ਕੀਤੀ, ਜਿਸ ਵਿੱਚ 38,725 (1%) ਪੰਜਾਬੀ ਦੱਸੇ ਗਏ ਹਨ।

- 2014-18 ਤੋਂ ਬੀ.ਸੀ. ਵਿੱਚ ਪੁਲਿਸ ਦੁਆਰਾ ਨਫ਼ਰਤ ਕਰਨ ਵਾਲੇ ਅਪਰਾਧ ਵਿਚ ਵਾਧਾ ਦਰਜ ਕੀਤਾ ਗਿਆ ਅਤੇ ਸਾਊਥ ਏਸ਼ੀਆਈ ਕੈਨੇਡੀਅਨ ਇਹਨਾਂ ਘਟਨਾਵਾਂ ਦੀ ਰਿਪੋਰਟ ਕਰਨ ਵਾਲੇ ਚੋਟੀ ਦੇ ਪੰਜ ਜਾਤੀਗਤ ਭਾਈਚਾਰਿਆਂ ਵਿਚੋਂ ਇੱਕ ਸਨ।

**ਵਧੇਰੇ ਜਾਣੋ:**
ਵੈਨਕੂਵਰ ਵਿੱਚ ਇਸ ਪ੍ਰਾਜੈਕਟ ਬਾਰੇ ਗੱਲ ਕਰਦੇ ਹੋਏ ਪ੍ਰੀਮੀਅਰ ਹੋਰਗਨ ਦੀਆਂ ਤਸਵੀਰਾਂ:

https://lightroom.adobe.com/shares/0ff3d758cd124260b18278f0204d3802

ਵਧੇਰੇ ਜਾਣਕਾਰੀ ਲਈ ਜਾਓ:: https://www.ufv.ca/sasi/

ਸੰਪਰਕ:
ਸੈਰ-ਸਪਾਟਾ, ਕਲਾ ਅਤੇ ਸਭਿਆਚਾਰ ਮੰਤਰਾਲਾ
ਮੀਡੀਆ ਰਿਲੇਸ਼ਨਜ਼
250 920-5079

ਯੂਨੀਵਰਸਿਟੀ ਆਫ ਫਰੇਜ਼ਰ ਵੈਲੀ ਵਿੱਚ ਸਾਊਥ ਏਸ਼ੀਅਨ ਸਟੱਡੀਜ਼ ਇੰਸਟੀਚਿਊਟ
ਡੇਵ ਪਿਨਟੋਨ
ਡਾਇਰੈਕਟਰ ਆਫ ਕਮਿਊਨੀਕੇਸ਼ਨਜ਼
ਯੂਨੀਵਰਸਿਟੀ ਆਫ ਫਰੇਜ਼ਰ ਵੈਲੀ
Cell: 778 808-5661
Office: 604 702-2606

ਬੀ.ਸੀ. ਸੂਬੇ ਨਾਲ ਜੁੜਨ ਲਈ ਜਾਓ: http://news.gov.bc.ca/connect